ਪੰਜਾਬ ਸਰਕਾਰ
ਸਿੱਖਿਆ ਵਿਭਾਗ

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ
ਜਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)/(ਐ.ਸਿ.)।
ਮੀਮੋ ਨੰ: 15/38-2016 ਰੈ ਸ਼ਾਖਾ (1)/57301
ਮਿਤੀ: 21/02/2019

**ਵਿਸ਼ਾ:- ਪੰਜਾਬ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ ਅਧਿਕਾਰੀਆਂ / ਕਰਮਚਾਰੀਆਂ ਦੀ ਸਲਾਨਾ ਗੁਪਤ ਰਿਪੋਰਟਾਂ ਲਿਖਣ ਸਬੰਧੀ।**

ਇਹ ਵੇਖਣ ਵਿੱਚ ਆਇਆ ਹੈ ਕਿ ਵਿਭਾਗ ਵਿੱਚ ਕੰਮ ਕਰਦੇ ਅਧਿਕਾਰੀਆਂ / ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਸਮੇਂ ਸਿਰ ਮੁਕੰਮਲ ਤੌਰ ਤੇ ਨਹੀਂ ਲਿਖੀਆਂ ਜਾਂਦੀਆਂ, ਜਿਸ ਕਾਰਨ ਸਲਾਨਾ ਗੁਪਤ ਰਿਪੋਰਟਾਂ ਦੀ ਅਣਹੋਂਦ ਕਾਰਨ ਅਧਿਕਾਰੀਆਂ / ਕਰਮਚਾਰੀਆਂ ਦੇ ਸੇਵਾ ਮਾਮਲਿਆਂ ਨੂੰ ਵਿਚਾਰਦੇ ਸਮੇਂ ਔਕੜਾਂ ਪੇਸ਼ ਆਉਂਦੀਆਂ ਹਨ ਅਤੇ ਬਹੁਤ ਵਾਰੀ ਬੇਲੋੜੀ ਲਿਟੀਗੇਸ਼ਨ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵੱਲੋਂ ਪੱਤਰ ਨੰ: 15/23/92-1ਪੀ.ਪੀ.1/16192 ਮਿਤੀ 29.12.2000 ਰਾਹੀਂ ਜਾਰੀ ਹਦਾਇਤਾਂ ਵਿੱਚ ਸਲਾਨਾ ਗੁਪਤ ਰਿਪੋਰਟਾਂ ਲਿਖਣ ਲਈ ਸਮਾਂ-ਸਾਰਣੀ ਨਿਸ਼ਚਿਤ ਕੀਤੀ ਗਈ ਹੈ, ਜਿਸ ਮੁਤਾਬਿਕ ਰਿਪੋਰਟ ਕਰਤਾ ਅਧਿਕਾਰੀਆਂ ਵੱਲੋਂ ਹਰ ਸਾਲ 30 ਜੂਨ ਤੱਕ, ਰੀਵਿਊ ਕਰਤਾ ਅਧਿਕਾਰੀਆਂ ਵੱਲੋਂ 15 ਅਗਸਤ ਤੱਕ ਅਤੇ ਪ੍ਰਵਾਨ ਕਰਤਾ ਅਧਿਕਾਰੀਆਂ ਵੱਲੋਂ 30 ਸਤੰਬਰ ਤੱਕ ਸਲਾਨਾ ਗੁਪਤ ਰਿਪੋਰਟਾਂ ਵਿੱਚ ਆਪਣੇ ਕਥਨ ਰਿਕਾਰਡ ਕਰਨੇ ਹੁੰਦੇ ਹਨ। ਇਸ ਲਈ ਸਮੂਹ ਅਧਿਕਾਰੀ / ਅਥਾਰਟੀਆਂ ਹਦਾਇਤਾਂ ਵਿੱਚ ਤੈਅ ਕੀਤੀ ਗਈ ਸਮਾਂ-ਸਾਰਣੀ ਦੀ ਪਾਲਣਾ ਕਰਦੇ ਹੋਏ ਸਮੂਹ ਕਾਡਰਾਂ ਦੇ ਅਧਿਕਾਰੀਆਂ / ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਸਮੇਂ ਸਿਰ ਮੁਕੰਮਲ ਕਰਨ।

2.0 ਇਸ ਤੋਂ ਇਲਾਵਾ ਸਲਾਨਾ ਗੁਪਤ ਰਿਪੋਰਟਾਂ ਲਿਖਦੇ ਸਮੇਂ ਰਿਪੋਰਟ ਕਰਤਾ ਅਧਿਕਾਰੀ, ਰੀਵਿਊ ਕਰਤਾ ਅਧਿਕਾਰੀ ਅਤੇ ਪ੍ਰਵਾਨ ਕਰਤਾ ਅਧਿਕਾਰੀ ਵੱਲੋਂ ਆਪਣੇ ਕਥਨ ਠੀਕ ਤਰੀਕੇ ਨਾਲ ਨਹੀਂ ਦਿੱਤੇ ਜਾਂਦੇ ਸਗੋਂ ਉਨ੍ਹਾਂ ਵੱਲੋਂ ਸਲਾਨਾ ਗੁਪਤ ਰਿਪੋਰਟਾਂ ਨੂੰ ਪ੍ਰਤੀ ਹਸਤਾਖਰ (Counter Sign) ਕਰ ਦਿੱਤਾ ਜਾਂਦਾ ਹੈ, ਜੋ ਕਿ ਹਦਾਇਤਾਂ ਮੁਤਾਬਿਕ ਉਚਿਤ ਨਹੀਂ ਹੈ। ਇਸ ਲਈ ਸਮੂਹ ਰਿਪੋਰਟ ਰੀਵਿਊ ਕਰਤਾ ਅਧਿਕਾਰੀ / ਪ੍ਰਵਾਨ ਕਰਤਾ ਅਧਿਕਾਰੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਮੁਤਾਬਿਕ ਸਲਾਨਾ ਗੁਪਤ ਰਿਪੋਰਟ ਵਿੱਚ ਬਣਦੀ ਦਰਜਾਬੰਦੀ ਰਿਕਾਰਡ ਕਰਕੇ ਸਲਾਨਾ ਗੁਪਤ ਰਿਪੋਰਟ ਮੁਕੰਮਲ ਕਰਨ।

3.0 ਕਈ ਕਰਮਚਾਰੀਆਂ/ਅਧਿਕਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਇਸ ਕਰਕੇ ਮੁਕੰਮਲ ਨਹੀਂ ਹੁੰਦੀਆਂ ਕਿਉਂ ਜੋ ਕਈ ਰੀਵਿਊ ਕਰਤਾ ਜਾਂ ਪ੍ਰਵਾਨ ਕਰਤਾ ਅਧਿਕਾਰੀ ਜਾਂ ਤਾਂ ਰਿਟਾਇਰ ਹੋ ਜਾਂਦੇ ਹਨ ਜਾਂ ਬਦਲ ਕੇ ਚਲੇ ਜਾਂਦੇ ਹਨ ਜਾਂ ਕਿਸੇ ਹੋਰ ਕਾਰਨ ਕਰਕੇ ਮੌਕੇ ਤੇ ਕੰਮ ਨਹੀਂ ਕਰਦੇ ਹੁੰਦੇ। ਅਜਿਹੇ ਹਾਲਾਤਾਂ ਵਿੱਚ ਸਲਾਨਾ ਗੁਪਤ ਰਿਪੋਰਟ ਨੂੰ ਮੁਕੰਮਲ ਕਰਨ ਲਈ ਇਹ ਫੈਸਲਾ ਲਿਆ ਗਿਆ ਹੈ ਕਿ ਸਬੰਧਤ ਜਿਲ੍ਹੇ ਲਈ ਨਿਯੁਕਤ ਕੀਤੇ ਗਏ ਨੋਡਲ ਅਫ਼ਸਰ ਉਸ ਜਿਲ੍ਹੇ ਦੇ ਅਧਿਕਾਰੀਆਂ / ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਮੁਕੰਮਲ ਕਰਨਗੇ।

ਸਕੱਤਰ ਸਕੂਲ ਸਿੱਖਿਆ

ਪਿੱਠ ਅੰਕਣ ਨੰ: ਉਕਤ / ਮਿਤੀ: 21/02/2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ. / ਐ.ਸਿ.), ਪੰਜਾਬ।

ਸਕੱਤਰ ਸਕੂਲ ਸਿੱਖਿਆ